ਮਿੱਠੇ ਬੱਚੇ:- "ਮਿੱਠੇ ਬੱਚੇ :- ਗਿਆਨ ਦੀ ਧਾਰਨਾ ਉਦੋਂ ਹੋਵੇਗੀ ਜਦੋਂ ਦੇਹੀ - ਅਭਿਮਾਨੀ ਬਣੋਗੇ, ਦੇਹੀ - ਅਭਿਮਾਨੀ ਬਣਨ ਵਾਲੇ ਬੱਚਿਆਂ ਨੂੰ ਬਾਪ ਦੀ ਯਾਦ ਰਹੇਗੀ"

ਪ੍ਰਸ਼ਨ:- ਕਿਸ ਇੱਕ ਭੁੱਲ ਦੇ ਕਾਰਨ ਮਨੁੱਖਾਂ ਨੇ ਆਤਮਾ ਨੂੰ ਨਿਰਲੇਪ ਕਿਹਾ ਹੈ?

ਉੱਤਰ:- ਮਨੁੱਖਾਂ ਨੇ ਆਤਮਾ ਸੋ ਪਰਮਾਤਮ ਕਿਹਾ, ਇਸ ਹੀ ਭੁੱਲ ਦੇ ਕਾਰਨ ਆਤਮਾ ਨੂੰ ਨਿਰਲੇਪ ਮੰਨ ਲਿਆ ਪਰ ਨਿਰਲੇਪ ਤਾਂ ਇੱਕ ਸ਼ਿਵਬਾਬਾ ਹੈ, ਜਿਸਨੂੰ ਦੁੱਖ - ਸੁਖ, ਮਿੱਠੇ - ਕੜਵੇ ਦਾ ਅਨੁਭਵ ਨਹੀਂ। ਆਤਮਾ ਤਾਂ ਕਹਿੰਦੀ ਹੈ ਫਲਾਣੀ ਚੀਜ਼ ਖੱਟੀ ਹੈ। ਬਾਪ ਕਹਿੰਦੇ ਹਨ ਮੇਰੇ ਤੇ ਕਿਸੇ ਵੀ ਚੀਜ਼ ਦਾ ਅਸਰ ਨਹੀਂ ਹੁੰਦਾ ਹੈ, ਮੈਂ ਇਹਨਾਂ ਲੇਪ - ਛੇਪ ਤੋਂ ਨਿਰਲੇਪ ਹਾਂ, ਗਿਆਨ ਦਾ ਸਾਗਰ ਹਾਂ, ਉਹ ਹੀ ਗਿਆਨ ਤੁਹਾਨੂੰ ਸੁਣਾਉਂਦਾ ਹਾਂ।

ਗੀਤ:- ਤਕਦੀਰ ਜਗਾਕੇ ਆਈ ਹਾਂ...

ਓਮ ਸ਼ਾਂਤੀ। ਇਹ ਕਿਸਨੇ ਕਿਹਾ? ਆਤਮਾਵਾਂ ਨੇ ਕਿਹਾ ਇਹਨਾਂ ਆਰਗੇਂਸ ਦਵਾਰਾ। ਆਤਮਾ ਸ਼ਾਂਤ ਸਵਰੂਪ ਹੈ। ਮੈਨੂੰ ਆਤਮਾ ਨੂੰ ਇਹ ਸ਼ਰੀਰ ਮਿਲਿਆ ਹੈ, ਤਾਂ ਹੀ ਤੇ ਟਾਕੀ ਬਣਦੀ ਹਾਂ। ਸ਼ਰੀਰ ਦਵਾਰਾ ਅਨੇਕ ਤਰ੍ਹਾਂ ਦਾ ਕਰਮ ਕਰਦੀ ਹਾਂ। ਪਹਿਲੇ ਇਹ ਨਿਸ਼ਚੇ ਕਰਨਾ ਹੈ ਹੋਰ ਸਤਿਸੰਗ ਵਿੱਚ ਮਨੁੱਖ, ਮਨੁੱਖ ਨੂੰ ਸੁਣਾਉਂਦੇ ਹਨ, ਦੇਹਧਾਰੀ ਬੋਲਦੇ ਹਨ। ਕਹਿਣਗੇ ਫਲਾਣਾ ਮਹਾਤਮਾ ਬੈਠਿਆ ਹੈ। ਇੱਥੇ ਇਹ ਗੱਲਾਂ ਨਹੀਂ ਹਨ। ਤੁਸੀਂ ਸਮਝਦੇ ਹੋ ਅਸੀਂ ਤਾਂ ਆਤਮਾ ਹਾਂ, ਇਹ ਸ਼ਰੀਰ ਰੂਪੀ ਆਰਗੇਂਸ ਹਨ। ਆਤਮਾ ਪਰਮਪਿਤਾ ਪਰਮਾਤਮਾ ਦਵਾਰਾ ਸੁਣ ਰਹੀ ਹੈ, ਜਿਸਦਾ ਨਾਮ ਹੈ ਸ਼ਿਵ। ਇਸ ਸਮੇਂ ਬੱਚੇ ਬੈਠੇ ਹਨ ਸੁਣਨ ਲਈ। ਕੌਣ ਸੁਣਾਉਂਦੇ ਹਨ? ਬੇਹੱਦ ਦਾ ਬਾਪ। ਜਦੋਂ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ ਤਾਂ ਬੁੱਧੀਯੋਗ ਉਪਰ ਚਲਾ ਜਾਂਦਾ ਹੈ। ਸ਼ਿਵ ਮਾਨਾ ਬਿੰਦੀ। ਆਤਮਾ ਵੀ ਬਿੰਦੀ ਹੈ, ਪਰਮਾਤਮਾ ਵੀ ਬਿੰਦੀ ਹੈ। ਪਰ ਉਹਨਾਂ ਨੂੰ ਪਰਮਪਿਤਾ ਪਰਮਾਤਮਾ ਨਹੀਂ ਕਿਹਾ ਜਾਂਦਾ। ਉਹ ਬਾਪ ਹੋਇਆ ਅਤੇ ਆਤਮਾਵਾਂ ਬੱਚੇ ਠਹਿਰੇ। ਸਮਝਣਾ ਹੈ ਕਿ ਅਸੀਂ ਆਤਮਾ ਇਸ ਸ਼ਰੀਰ ਦਵਾਰਾ ਆਪਣੇ ਪਾਰਲੌਕਿਕ ਬਾਪ ਦੀ ਸੰਤਾਨ ਬਣੀ ਹਾਂ। ਤੁਸੀਂ ਬੱਚਿਆਂ ਨੂੰ ਦੇਹੀ ਅਭਿਮਾਨੀ ਬਣਨਾ ਪਵੇ। ਹੋਰ ਸਭ ਜਗ੍ਹਾ ਮਨੁੱਖ, ਮਨੁੱਖ ਨੂੰ ਸਮਝਾਉਂਦੇ ਹਨ। ਕੋਈ ਗੀਤਾ ਪਾਠੀ ਹੁੰਦੇ ਹਨ ਉਹ ਵੀ ਗੀਤਾ ਨੂੰ ਯਾਦ ਕਰ ਕਹਿਣਗੇ ਗੀਤਾ ਵਿੱਚ ਭਗਵਾਨ ਨੇ ਇਵੇਂ - ਇਵੇਂ ਕਿਹਾ ਹੈ। ਸਮਝਦੇ ਹਨ ਭਗਵਾਨ ਨੇ ਸਾਕਾਰ ਵਿੱਚ ਇਹ ਗੀਤਾ ਸੁਣਾਈ ਸੀ। ਕੋਈ ਬੈਠ ਵੇਦ ਸ਼ਾਸਤਰ ਸੁਣਾਉਂਦੇ ਹਨ। ਵੇਦ ਤਾਂ ਮਨੁੱਖਾਂ ਨੇ ਰਚੇ ਹਨ। ਨਿਰਾਕਾਰ ਭਗਵਾਨ ਵੇਦ ਨਹੀਂ ਬਨਾਉਣਗੇ। ਵਿਆਸ ਤਾਂ ਮਨੁੱਖ ਸੀ। ਵਿਆਸ ਨੂੰ ਪਰਮਾਤਮਾ ਨਹੀਂ ਕਹਾਂਗੇ। ਪਰਮਪਿਤਾ ਪਰਮਾਤਮਾ ਤਾਂ ਬਿੰਦੀ ਹੈ। ਬੱਚੇ ਸਾਕਾਰ ਵਿੱਚ ਹਨ, ਸਾਕਾਰ ਰੂਪ ਹੈ। ਬਾਪ ਤੇ ਹੈ ਨਿਰਾਕਾਰ।

ਬਾਪ ਕਹਿੰਦੇ ਹਨ ਮੈਨੂੰ ਤਾਂ ਕਦੀ ਛੋਟਾ - ਵੱਡਾ ਨਹੀਂ ਬਣਨਾ ਹੈ। ਤੁਸੀਂ ਛੋਟੇ - ਵੱਡੇ ਹੁੰਦੇ ਹੋ। ਮੈਨੂੰ ਤਾਂ ਕਹਿੰਦੇ ਹੀ ਹਨ ਪਰਮਪਿਤਾ। ਮਨੁੱਖ ਪਹਿਲੇ ਬਾਲਕ ਬਣ ਫਿਰ ਵੱਡੇ ਹੋ ਬਾਪ ਬਣਦੇ ਹਨ, ਫਿਰ ਬਾਲਕ ਬਣਦੇ ਹਨ। ਮੈਂ ਤਾਂ ਹਮੇਸ਼ਾ ਪਿਤਾ ਹੀ ਹਾਂ, ਮੈਂ ਬਾਲਕ ਨਹੀਂ ਬਣਦਾ ਹਾਂ। ਮੇਰਾ ਇੱਕ ਨਾਮ ਸ਼ਿਵ ਹੈ। ਤੁਹਾਡੇ 84 ਨਾਮ ਪੈਂਦੇ ਹਨ ਕਿਉਂਕਿ 84 ਜਨਮ ਲੈਂਦੇ ਹੋ। ਮੈਂ ਪਰਮਪਿਤਾ ਤਾਂ ਬਿੰਦੀ ਰੂਪ ਹਾਂ। ਸਿਰਫ਼ ਪੂਜਾ ਦੇ ਲਈ ਭਗਤੀ ਮਾਰਗ ਵਾਲਿਆਂ ਨੇ ਵੱਡਾ ਰੂਪ ਬਣਾਕੇ ਰੱਖਿਆ ਹੈ। ਜਿਵੇਂ ਕਿਸੇ ਦਾ ਵੱਡਾ ਚਿੱਤਰ ਬਣਾਉਂਦੇ ਹਨ ਨਾ। ਬੁੱਧ ਦਾ ਬਹੁਤ ਵੱਡਾ ਚਿੱਤਰ ਬਣਾਉਂਦੇ ਹਨ। ਇਨਾਂ ਲੰਬਾ ਮਨੁੱਖ ਤਾਂ ਹੁੰਦਾ ਨਹੀਂ। ਇਹ ਮਾਨ ਦਿੰਦੇ ਹਨ। ਸਮਝਦੇ ਹਨ ਬਹੁਤ ਵੱਡਾ ਸੀ। ਬਾਪ ਤੇ ਉੱਚ ਤੇ ਉੱਚ ਹੈ, ਵੱਡੇ ਤੇ ਵੱਡਾ ਪਰਮਪਿਤਾ ਪਰਮਾਤਮਾ ਪਰਮ ਆਤਮਾ। ਬਾਪ ਆਪਣਾ ਪਰਿਚੇ ਬੈਠ ਦਿੰਦੇ ਹਨ - ਮੈਨੂੰ ਸ਼ਿਵ ਕਹਿੰਦੇ ਹਨ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ - ਤੁਹਾਨੂੰ ਸਮਝਣਾ ਹੈ ਅਸੀਂ ਨਿਰਾਕਾਰ ਸ਼ਿਵਬਾਬਾ ਦੇ ਸਮੁਖ ਜਾਂਦੇ ਹਾਂ। ਮੈਨੂੰ ਤਾਂ ਹਮੇਸ਼ਾ ਪਰਮਪਿਤਾ ਪਰਮਾਤਮਾ ਹੀ ਕਹਿਣਗੇ। ਮਨੁੱਖ ਸ੍ਰਿਸ਼ਟੀ ਦਾ ਬੀਜ਼ ਰੂਪ ਹੈ। ਪਰਮ ਆਤਮਾ ਬੈਠ ਸਮਝਾਉਂਦੇ ਹਨ। ਆਤਮਾ ਨੂੰ ਹੀ ਨਾਲੇਜ਼ ਹੈ। ਗਾਉਂਦੇ ਵੀ ਹਨ ਪਰਮਪਿਤਾ ਪਰਮ ਆਤਮਾ ( ਪਰਮਾਤਮਾ), ਉਹ ਗਿਆਨ ਦਾ ਸਾਗਰ ਹੈ। ਸਾਨੂੰ ਗਿਆਨ ਸੁਣਾ ਰਹੇ ਹਨ। ਪਹਿਲੇ - ਪਹਿਲੇ ਆਤਮਾ- ਅਭਿਮਾਨੀ ਹੋਣਾ ਚਾਹੀਦਾ ਹੈ। ਦੇਹ - ਅਭਿਮਾਨੀ ਨਹੀਂ ਬਣਨਾ ਹੈ। ਪਰ ਡਰਾਮੇ ਅਨੁਸਾਰ ਤੁਹਾਨੂੰ ਦੇਹ ਅਭਿਮਾਨੀ ਬਣਨਾ ਹੀ ਹੈ। ਹੁਣ ਫਿਰ ਬਾਪ ਦੇਹੀ - ਅਭਿਮਾਨੀ ਬਣਾਉਂਦੇ ਹਨ।

ਤੁਸੀਂ ਸਭ ਬੱਚੇ ਹੋ। ਇਹ ਵੀ ਬੱਚਾ ਹੈ। ਆਤਮਾ ਪਰਮਪਿਤਾ ਪਰਮਾਤਮਾ ਦਾਦੇ ਕੋਲੋਂ ਵਰਸਾ ਲੈਂਦੀ ਹੈ। ਲੌਕਿਕ ਸੰਬੰਧ ਵਿੱਚ ਸਿਰਫ਼ ਬੱਚਿਆਂ ਨੂੰ ਹੀ ਵਰਸਾ ਮਿਲਦਾ ਹੈ, ਕੰਨਿਆ ਨੂੰ ਨਹੀਂ ਮਿਲਦਾ ਹੈ। ਬੇਹੱਦ ਦਾ ਬਾਪ ਕਹਿੰਦੇ ਹਨ ਤੁਸੀਂ ਸਭ ਆਤਮਾਵਾਂ ਹੋ, ਤੁਹਾਨੂੰ ਹਰ ਇੱਕ ਨੂੰ ਹੱਕ ਹੈ। ਤੁਸੀਂ ਮੁਝ ਪਰਮਪਿਤਾ ਪਰਮਾਤਮਾ ਦੇ ਸੀ ਅਤੇ ਹੋ। ਕਹਿੰਦੇ ਹੋ ਨਾ ਓ ਗੋਡ ਫਾਦਰ, ਓ ਪਰਮਪਿਤਾ ਪਰਮਾਤਮਾ। ਮਹਿਮਾ ਕਰਦੇ ਹਨ। ਕੌਣ ਕਰਦੇ ਹਨ? ਆਤਮਾ। ਉਹ ਲੌਕਿਕ ਫ਼ਾਦਰ ਤਾਂ ਸ਼ਰੀਰ ਦਾ ਹੈ, ਇਹ ਹੈ ਆਤਮਾਵਾਂ ਦਾ ਬਾਪ। ਆਤਮਾ ਬੁਲਾਉਂਦੀ ਹੈ ਓ ਪਰਮਪਿਤਾ ਪਰਮਾਤਮਾ। ਅਵਿਨਾਸ਼ੀ ਬਾਪ ਨੂੰ ਯਾਦ ਕਰਦੇ ਹੀ ਆਏ ਹਨ ਕਿਉਕੀ ਰਾਵਣ ਰਾਜ ਵਿੱਚ ਦੁੱਖ ਹੀ ਦੁੱਖ ਹੈ। ਜਦੋਂ ਤੋਂ ਰਾਵਣ ਰਾਜ ਸ਼ੁਰੂ ਹੁੰਦਾ ਹੈ ਉਦੋਂ ਤੋਂ ਯਾਦ ਕਰਨਾ ਸ਼ੁਰੂ ਹੁੰਦਾ ਹੈ। ਯਾਦ ਤਾਂ ਬਾਪ ਨੂੰ ਹੀ ਕਰਨਾ ਹੈ

ਕਿਉਂਕਿ ਵਰਸਾ ਬਾਪ ਕੋਲੋਂ ਹੀ ਮਿਲਣਾ ਹੈ। ਇੱਥੇ ਤਾਂ ਤੁਹਾਨੂੰ ਮਨੁੱਖਾਂ ਨੂੰ ਬਹੁਤਿਆਂ ਦੀ ਯਾਦ ਰਹਿੰਦੀ ਹੈ। ਗੁਰੂ ਲੋਕ ਇਕ ਦੀ ਯਾਦ ਭੁਲਾ ਦਿੰਦੇ ਹਨ। ਜੇਕਰ ਸਰਵਵਿਆਪੀ ਹਨ ਤਾਂ ਫਿਰ ਗੋਡ ਜਾਂ ਫ਼ਾਦਰ ਕਿਸਨੂੰ ਕਹੀਏ? ਬਾਪ ਘੜੀ - ਘੜੀ ਕਹਿੰਦੇ ਹਨ - ਬੱਚੇ, ਦੇਹੀ - ਅਭਿਮਾਨੀ ਬਣੋ, ਉੱਠਦੇ ਬੈਠਦੇ ਮੈਨੂੰ ਯਾਦ ਕਰੋ। ਸਮਝੋ, ਅਸੀਂ ਸ਼੍ਰੀਮਤ ਤੇ ਚਲ ਰਹੇ ਹੈ। ਮੈਂ ਆਤਮਾ ਖਾ ਰਹੀ ਹਾਂ ਬਾਬਾ ਦੀ ਯਾਦ ਵਿੱਚ। ਯਾਦ ਨਾਲ ਵਿਕਰਮ ਵਿਨਾਸ਼ ਹੋਣਗੇ। ਮੰਜ਼ਿਲ ਹੈ ਬੜੀ ਭਾਰੀ। ਯੋਗ ਕੋਈ ਮਾਸੀ ਦਾ ਘਰ ਨਹੀਂ ਹੈ। ਮਨੁੱਖਾਂ ਨੇ ਤੇ ਬਾਪ ਦਾ ਨਾਮ ਹੀ ਪ੍ਰਾਯ ਲੋਪ ਕਰ ਦਿੱਤਾ ਹੈ। ਸ਼੍ਰੀਕ੍ਰਿਸ਼ਨ ਤਾਂ ਬੱਚਾ ਠਹਿਰਿਆ। ਇੰਨੀ ਵੱਡੀ ਪ੍ਰਲਾਬੱਧ ਜਰੂਰ ਬਾਪ ਨੇ ਹੀ ਦਿੱਤੀ ਹੈ।

ਬਾਪ ਸਮਝਾਉਂਦੇ ਹਨ - ਦੇਹ ਸਹਿਤ ਦੇਹ ਦੇ ਸਭ ਧਰਮ ਭੁੱਲ ਜਾਓ। ਇਹ ਨਾਮ ਤੇ ਸਭ ਯਾਦ ਵਿੱਚ ਰੱਖ ਗਏ ਹਨ। ਤਾਂ ਇਹ ਸਮਝਣਾ ਹੈ ਕਿ ਪਰਮਪਿਤਾ ਪਰਮਾਤਮਾ ਦਵਾਰਾ ਅਸੀਂ ਇਹ ਨਾਲੇਜ਼ ਪੜ੍ਹ ਰਹੇ ਹਾਂ। ਹੋਰ ਕੋਈ ਇਵੇਂ ਦਾ ਸਕੂਲ ਨਹੀਂ ਹੈ ਜਿੱਥੇ ਸਮਝਣ ਕਿ ਅਸੀਂ ਆਤਮਾ ਹਾਂ। ਤੁਸੀਂ ਜਾਣਦੇ ਹੋ ਪਹਿਲੇ ਅਸੀਂ ਸਤੋਪ੍ਰਧਾਨ ਸੀ ਫਿਰ ਸਤੋ, ਰਜੋ, ਤਮੋ ਵਿੱਚ ਆਉਂਦੇ ਹਾਂ। ਖਾਦ ਆਤਮਾ ਵਿੱਚ ਪੈਂਦੀ ਹੈ। ਮੇਰੇ ਵਿੱਚ ਤਾਂ ਕਦੀ ਖਾਦ ਨਹੀਂ ਪੈਂਦੀ। ਮੈਂ ਏਵਰ ਸੱਚਾ ਸੋਨਾ ਹਾਂ। ਤੁਹਾਡੀਆਂ ਸਭ ਆਤਮਾਵਾਂ ਇਸ ਸਮੇਂ ਆਇਰਨ ਏਜਡ ਬਣ ਗਈਆਂ ਹਨ। ਮੰਮਾ ਵੀ ਕਹੇਗੀ - ਅਸੀਂ ਸ਼ਿਵਬਾਬਾ ਤੋਂ ਜੋ ਸੁਣਿਆ ਹੈ, ਉਹ ਹੀ ਸੁਣਾਉਂਦੇ ਹਾਂ। ਸ਼ਿਵਬਾਬਾ ਤਾਂ ਖੁਦ ਗਿਆਨ ਦਾ ਸਾਗਰ ਹੈ। ਇਹ ਬੜੀ ਸਮਝ ਦੀਆਂ ਗੱਲਾਂ ਹਨ। ਬਰੋਬਰ ਅਸੀਂ ਬਾਬਾ ਦੇ ਬਣੇ ਹਾਂ, ਉਹ ਸਾਨੂੰ ਪੜ੍ਹਾਉਂਦੇ ਹਨ। ਬਾਬਾ ਕੋਲੋਂ ਪੜ੍ਹਕੇ ਅਸੀਂ ਜੀਵਨਮੁਕਤ ਬਣਦੇ ਹਾਂ। ਜੀਵਨਮੁਕਤ ਮਾਨਾ ਇਸ ਸ਼ਰੀਰ ਵਿੱਚ ਤਾਂ ਆਉਣਾ ਹੈ, ਪਰ ਸੁਖ ਭੋਗਣਾ ਹੈ। ਮੁਕਤੀ ਸਭਨੂੰ ਮਿਲਦੀ ਹੈ ਪਰ ਜੀਵਨਮੁਕਤੀ ਵਿੱਚ ਤਾਂ ਨੰਬਰਵਾਰ ਆਉਂਦੇ ਹਨ। ਮੁਕਤ ਤਾਂ ਸਭ ਆਤਮਾਵਾਂ ਹੁੰਦੀਆ ਹਨ। ਦੁੱਖ ਤੋਂ ਅੱਧਾਕਲਪ ਦੇ ਲਈ ਮੁਕਤ ਕਰ ਦਿੰਦੇ ਹਨ। ਕਹਿੰਦੇ ਹਨ ਤੁਹਾਨੂੰ ਲਿਬ੍ਰੇਟ ਕਰ ਜੀਵਨਮੁਕਤ ਬਣਾਉਂਦਾ ਹਾਂ। ਫਿਰ ਕੋਈ ਕਿੰਨੇ ਜਨਮ ਲੈਂਦੇ, ਕੋਈ ਕਿੰਨੇ ਜਨਮ ਲੈਂਦੇ ਹਨ। ਜੀਵਨਮੁਕਤ ਤਾਂ ਸਭ ਬਣਦੇ ਹਨ। ਸਦਗਤੀ ਦਾਤਾ ਤਾਂ ਹੈ ਹੀ ਇੱਕ। ਜੋ ਵੀ ਧਰਮ ਸਥਾਪਕ ਹਨ, ਸਭ ਪੁਨਰਜਨਮ ਲੈਂਦੇ -ਲੈਂਦੇ ਹੁਣ ਤਮੋਪ੍ਰਧਾਨ ਬਣੇ ਹਨ। ਮੈਂ ਆਕੇ ਸਭਨੂੰ ਇਹਨਾਂ ਦੁੱਖਾਂ ਤੋਂ ਛੁਡਾਉਂਦਾ ਹਾਂ ਇਸਲਈ ਮੈਨੂੰ ਲਿਬ੍ਰੇਟਰ ਕਹਿੰਦੇ ਹਨ, ਮੁਕਤੀ - ਜੀਵਨਮੁਕਤੀ ਦਾਤਾ ਕਹਿੰਦੇ ਹਨ। ਮੁਕਤੀ ਮਤਲਬ ਆਪਣੇ ਘਰ ਸਾਈਲੈਂਸ ਧਾਮ ਵਿੱਚ ਜਾਣਾ। ਬਾਪ ਵੀ ਪਰਮਧਾਮ ਤੋਂ ਆਉਂਦੇ ਹਨ, ਜਿਸ ਨੂੰ ਪਰਲੋਕ ਕਿਹਾ ਜਾਂਦਾ ਹੈ। ਤੁਸੀਂ ਨਿਰਵਾਣਧਾਮ ਅਤੇ ਸਵਰਗਧਾਮ ਦੋਵਾਂ ਨੂੰ ਯਾਦ ਕਰਦੇ ਹੋ। ਸਵਰਗ ਅਤੇ ਨਰਕ ਇੱਥੇ ਹੀ ਹੁੰਦਾ ਹੈ। ਇਸ ਸਮੇਂ ਸਭ ਸਮਝਦੇ ਹਨ - ਇਹ ਨਰਕ ਹੈ। ਕਿੰਨਾ ਦੁੱਖ ਪਾਉਂਦੇ ਹਨ। ਗਰੁੜ ਪੂਰਨ ਵਿੱਚ ਤਾਂ ਬਹੁਤ ਰੋਚਕ ਗੱਲਾਂ ਲਿਖ ਦਿੱਤੀਆਂ ਹਨ ਜਿਸ ਤੋਂ ਮਨੁੱਖਾਂ ਨੂੰ ਡਰ ਹੋਵੇ ਅਤੇ ਪਾਪ ਕਰਨ ਤੋਂ ਬਚ ਜਾਣ ਇਸਲਈ ਇਵੇਂ - ਇਵੇਂ ਦੀਆਂ ਗੱਲਾਂ ਬੈਠ ਬਣਾਇਆ ਹਨ। ਦਵਾਪਰ ਤੋਂ ਇਹ ਸ਼ਾਸਤਰ ਬਣਾਉਣਾ ਸ਼ੁਰੂ ਕਰਦੇ ਹਨ। ਬਾਪ ਕਹਿੰਦੇ ਹਨ ਮੈਂ ਆਕੇ ਬ੍ਰਹਮਾ ਦਵਾਰਾ ਬ੍ਰਾਹਮਣ ਧਰਮ ਰਚਦਾ ਹਾਂ। ਉਹ ਫਿਰ ਸੂਰਜਵੰਸ਼ੀ - ਚੰਦਰਵੰਸ਼ੀ ਬਣਦੇ ਹਨ। ਦੋ ਯੁੱਗ ਵਿੱਚ ਕੋਈ ਧਰਮ ਸਥਾਪਨ ਕਰਨ ਵਾਲਾ ਨਹੀਂ ਹੈ, ਫਿਰ ਇੱਕ - ਦੂਜੇ ਦੇ ਪਿੱਛੇ ਸਭ ਨੰਬਰਵਾਰ ਆਉਂਦੇ ਹਨ ਅਤੇ ਆਪਣੇ - ਆਪਣੇ ਧਰਮ ਨੂੰ ਜਾਣਦੇ ਹਨ। ਇਹ ਦੇਵੀ - ਦੇਵਤਾ ਧਰਮ ਪ੍ਰਾਯ ਲੋਪ ਹੋ ਜਾਏਗਾ ਫਿਰ ਆਪਣੇ ਨੂੰ ਦੇਵਤੇ ਕਹਾ ਨਹੀਂ ਸਕਨਗੇ। ਪਤਿਤ ਕਿਵੇਂ ਸ਼੍ਰੀ ਸ਼੍ਰੀ ਮਤਲਬ ਸ਼੍ਰੇਸ਼ਠ ਕਹਾਉਣਗੇ? ਬਾਪ ਹੀ ਸ਼੍ਰੇਸ਼ਠ ਬਣਾਉਂਦੇ ਹਨ। ਦੇਵੀ - ਦੇਵਤਾਵਾਂ ਨੂੰ ਸ਼੍ਰੇਸ਼ਠ ਕਿਹਾ ਜਾਂਦਾ ਹੈ। ਉਹਨਾਂ ਦੇ ਚਿੱਤਰ ਵੀ ਹਨ ਪਰ ਸਮਝਦੇ ਨਹੀਂ ਕਿ ਦੇਵੀ - ਦੇਵਤਾ ਧਰਮ ਕਦੋਂ ਸੀ, ਕਿਸਨੇ ਸਥਾਪਨ ਕੀਤਾ? ਸਤਿਯੁਗ ਦੀ ਉਮਰ ਹੀ ਲੰਬੀ ਕਰ ਦਿੱਤੀ ਹੈ।

ਹੁਣ ਬਾਬਾ ਕਹਿੰਦੇ ਹਨ - ਬੱਚੇ, ਆਪਣੇ ਨੂੰ ਆਤਮਾ ਸਮਝੋ, ਬਾਪ ਨੂੰ ਯਾਦ ਕਰੋ। ਹੁਣ ਖੇਲ੍ਹ ਪੂਰਾ ਹੁੰਦਾ ਹੈ। ਦੇਖਦੇ ਨਹੀਂ ਹੋ ਹੁਣ ਮੁਕਤੀ - ਜੀਵਨਮੁਕਤੀ ਦੇ ਗੇਟਸ ਖੁਲ੍ਹ ਰਹੇ ਹਨ? ਮੁਕਤੀ - ਜੀਵਨਮੁਕਤੀ ਦਾਤਾ ਤਾਂ ਇਕ ਹੀ ਹੈ। ਇੱਥੇ ਤਾਂ ਦੇਖੋ ਜਗਤ ਮਾਤਾ ਦਾ ਟਾਈਟਲ ਵੀ ਕੋਈ - ਕੋਈ ਨੂੰ ਦਿੰਦੇ ਰਹਿੰਦੇ ਹਨ। ਅਸਲ ਵਿੱਚ ਜਗਤ ਅੰਬਾ ਇਹ ਹੈ ਨਾ। ਇਵੇਂ ਕੋਈ ਵੀ ਨਹੀਂ ਹੋਵੇਗਾ ਜੋ ਜਗਤ ਪਿਤਾ ਵੀ ਹੋਵੇ, ਸਿੱਖਿਅਕ ਵੀ ਹੋਵੇ, ਜਗਤ ਗੁਰੂ ਵੀ ਹੋਵੇ। ਭਾਵੇਂ ਮਨੁੱਖ ਆਪਣੇ ਤੇ ਨਾਮ ਬਹੁਤ ਰਖਾਉਂਦੇ ਹਨ, ਪਰ ਹਨ ਨਹੀਂ। ਕਿੱਥੇ ਉਹ ਲਕਸ਼ਮੀ - ਨਾਰਾਇਣ, ਕਿੱਥੇ ਇਹ ਵਿਕਾਰੀ ਵੀ ਆਪਣੇ ਉਪਰ ਟਾਈਟਲ ਰੱਖ ਦਿੰਦੇ ਹਨ। ਮਨੁੱਖ ਕਿੰਨੇ ਬੁੱਧੂ ਬਣ ਗਏ ਹਨ! ਆਦਿ ਸਨਾਤਨ ਦੇਵੀ - ਦੇਵਤਾ ਧਰਮ ਨੂੰ ਭੁੱਲ ਉਹਨਾਂ ਦੇ ਟਾਇਟਲ ਫਿਰ ਆਪਣੇ ਨੂੰ ਦੇ ਦਿੰਦੇ ਹਨ। ਅਸਲ ਵਿੱਚ ਉੱਚ ਤੇ ਉੱਚ ਮਰਤਬਾ ਤਾਂ ਇੱਕ ਦਾ ਹੀ ਹੈ, ਸਦਗਤੀ ਦਾਤਾ ਇਕ ਹੀ ਹੈ। ਰਾਮ ਕਹੋ ਤਾਂ ਵੀ ਉਹ ਇੱਕ ਹੀ ਨਿਰਾਕਾਰ ਠਹਿਰਿਆ।

ਬਾਪ ਕਹਿੰਦੇ ਹਨ ਭਾਰਤਵਾਸੀਆਂ ਨੂੰ ਆਪਣਾ ਧਰਮ ਦਾ ਪਤਾ ਨਹੀਂ - ਕਦੋਂ ਅਤੇ ਕਿਸਨੇ ਸਥਾਪਨ ਕੀਤਾ? ਕੋਈ ਕਿਸੇ ਦੇਵੀ ਨੂੰ ਯਾਦ ਕਰਦੇ, ਕੋਈ ਸ਼੍ਰੀਕ੍ਰਿਸ਼ਨ ਨੂੰ, ਕੋਈ ਗੁਰੂ ਨੂੰ ਯਾਦ ਕਰਦੇ। ਗੁਰੂ ਦਾ ਫ਼ੋਟੋ ਵੀ ਲਗਾ ਦਿੰਦੇ ਹਨ। ਤੁਹਾਡਾ ਚਿਤ੍ਰ ਨਾਲ ਕੰਮ ਨਹੀਂ। ਜਿਸਦਾ ਕੋਈ ਚਿੱਤਰ ਨਹੀਂ। ਉਹ ਹੈ ਵਚਿੱਤਰ। ਆਤਮਾ ਵਚਿੱਤਰ ਹੈ। ਜਿਵੇਂ ਬਾਪ ਵਚਿੱਤਰ ਹਨ ਉਵੇਂ ਬੱਚੇ ਵੀ ਵਚਿਤਰ ਹਨ। ਆਤਮਾ ਹੀ ਸੁਣਦੀ ਹੈ। ਆਤਮਾ ਨੇ ਇਹ ਤਨ ਲੋਣ ਲਿਤਾ ਹੈ। ਕਹਿੰਦੇ ਹਨ ਪ੍ਰਕ੍ਰਿਤੀ ਦੇ ਆਧਾਰ ਬਿਨਾਂ ਮੈਂ ਗਿਆਨ ਕਿਵੇਂ ਦੇਵਾਂਗਾ। ਰਾਜਯੋਗ ਕਿਵੇਂ ਸਿਖਾਵਾਂ? ਭਗਵਾਨ ਨਿਰਾਕਾਰ ਨੂੰ ਹੀ ਕਿਹਾ ਜਾਂਦਾ ਹੈ। ਉਹਨਾਂ ਨੂੰ ਆਉਣਾ ਹੈ ਇਹ ਪਤਿਤ ਦੁਨੀਆਂ ਵਿੱਚ। ਸ਼੍ਰੀਕ੍ਰਿਸ਼ਨ ਨੂੰ ਦਿਖਾਉਂਦੇ ਹਨ ਕਿ ਪਿੱਪਲ ਦੇ ਪੱਤੇ ਤੇ ਸਾਗਰ ਵਿੱਚ ਆਇਆ, ਇਵੇਂ ਦੀ ਕੋਈ ਗੱਲ ਨਹੀਂ ਹੈ। ਸ਼੍ਰੀਕ੍ਰਿਸ਼ਨ ਤਾਂ ਫਸਟ ਪ੍ਰਿੰਸ ਹੈ ਵਿਸ਼ਵ ਦਾ। ਉੱਥੇ ਹੋਰ ਕੋਈ ਧਰਮ ਨਹੀਂ। ਅਦਵੈਤ ਰਾਜ ਹੈ, ਫਿਰ ਦਵੈਤ ਹੋ ਜਾਂਦੀ ਹੈ, ਫਿਰ ਅਨੇਕ ਪ੍ਰਕਾਰ ਦੇ ਧਰਮ ਸਥਾਪਨ ਹੁੰਦੇ ਜਾਂਦੇ ਹਨ। ਤਾਂ ਬੱਚਿਆਂ ਨੂੰ ਇਹ ਸਮਝਣਾ ਹੈ ਕਿ ਬਾਬਾ ਇਸ ਸ਼ਰੀਰ ਵਿੱਚ ਆਕੇ ਸਾਨੂੰ ਪੜ੍ਹਾਉਂਦੇ ਹਨ। ਬਾਬਾ ਕਹਿੰਦੇ ਹਨ ਮੈਂ ਅਸ਼ਰੀਰੀ ਹਾਂ, ਇਸ ਸ਼ਰੀਰ ਦਵਾਰਾ ਤੁਹਾਨੂੰ ਗਿਆਨ ਦਿੰਦਾ ਹਾਂ। ਮੈਂ ਹਾਂ ਗਿਆਨ ਦਾ ਸਾਗਰ। ਇਹ ਸਭ ਗੱਲਾਂ ਬਾਪ ਬੈਠ ਸਮਝਾਉਂਦੇ ਹਨ। ਸਿਰਫ਼

ਈਸ਼ਵਰ ਅਤੇ ਪਰਮਾਤਮਾ ਕਹਿਣ ਨਾਲ ਬਾਪ ਦਾ ਸੰਬੰਧ ਭੁੱਲ ਜਾਂਦਾ ਹੈ। ਪਰਮਾਤਮਾ ਬਾਪ ਹੈ, ਉਹਨਾਂ ਕੋਲੋਂ ਵਰਸਾ ਮਿਲਦਾ ਹੈ - ਇਹ ਭੁੱਲ ਜਾਂਦੇ ਹਨ। ਉਹ ਸਾਡਾ ਬਾਪ ਹੈ, ਕ੍ਰਿਏਟਰ ਹੈ, ਅਸੀਂ ਉਹਨਾਂ ਦੀ ਰਚਨਾ ਹਾਂ। ਉਸਨੇ ਕ੍ਰਿਏਟ ਕੀਤਾ ਹੈ। ਕੋਈ ਤੇ ਰਚਤਾ ਹੋਵੇਗਾ ਨਾ। ਬਾਬਾ ਨੇ ਸਮਝਾਇਆ ਹੈ - ਪੁਰਸ਼ ਹੱਦ ਦਾ ਬ੍ਰਹਮਾ ਹੈ। ਬੱਚਿਆਂ ਨੂੰ ਕ੍ਰੀਏਟ ਕਰਦੇ ਹਨ। ਪਹਿਲੇ ਇਸਤਰੀ ਨੂੰ ਅਡੋਪਟ ਕਰਦੇ ਹਨ ਫਿਰ ਉਹਨਾਂ ਦਵਾਰਾ ਬੱਚੇ ਕ੍ਰੀਏਟ ਕਰਦੇ ਹਨ। ਬਾਬਾ ਵੀ ਕਹਿੰਦੇ ਹਨ ਮੈਂ ਇਹਨਾਂ ਦਵਾਰਾ ਕ੍ਰੀਏਟ ਕਰਦਾ ਹਾਂ। ਇਸਤਰੀ ਤਾਂ ਜਰੂਰ ਚਾਹੀਦਾ ਹੈ ਨਾ। ਬਾਬਾ ਨੂੰ ਕਹਿੰਦੇ ਹੀ ਹਨ ਤੁਮ ਮਾਤ - ਪਿਤਾ, ਤਾਂ ਇਹ (ਬ੍ਰਹਮਾ) ਮਾਤਾ ਹੋ ਗਈ, ਇਹਨਾਂ ਦਵਾਰਾ ਅਡੋਪਟ ਕਰਦੇ ਹਨ। ਤਾਂ ਤੁਹਾਨੂੰ ਬ੍ਰਹਮਾ ਮੁਖ ਵੰਸ਼ਾਵਲੀ ਕਹਾਂਗੇ। ਤੁਸੀਂ ਬਾਪ ਦੇ ਬਣੇ ਹੋ ਇਹਨਾਂ ਦਵਾਰਾ। ਇਹ ਬੜੀਆਂ ਵੰਡਰਫੁੱਲ ਗੱਲਾਂ ਹਨ। ਸ਼ਾਸਤਰਾਂ ਵਿੱਚ ਇਹ ਨਹੀਂ ਹਨ। ਮੈਨੂੰ ਕਹਿੰਦੇ ਹਨ ਨਾਲੇਜ਼ਫੁੱਲ, ਜਾਨੀਜਾਨਣਹਾਰ। ਮਨੁੱਖ ਸਮਝਦੇ ਹਨ ਪਰਮਾਤਮਾ ਸਭਦੇ ਅੰਦਰ ਦੀਆਂ ਗੱਲਾਂ ਜਾਣਦੇ ਹਨ, ਥਾਟ ਰੀਡਰ ਹਨ। ਪਰ ਇੰਨੇ ਸਭਦਾ ਥਾਟ ਰੀਡਰ ਕਿਵੇਂ ਬਣਾਂਗਾ? ਬਾਪ ਕਹਿੰਦੇ ਹਨ ਮੈਂ ਮਨੁੱਖ ਸ੍ਰਿਸਟੀ ਦਾ ਬੀਜ਼ਰੂਪ ਹਾਂ। ਮੈਂ ਚੇਤੰਨ ਹਾਂ, ਸਤ ਹਾਂ। ਆਤਮਾ ਵੀ ਚੇਤੰਨ ਹੈ। ਸ਼ਰੀਰ ਅਸਤ ਹੈ, ਘੜੀ - ਘੜੀ ਬਦਲਦਾ ਰਹਿੰਦਾ ਹੈ। ਆਤਮਾ ਤਾਂ ਨਹੀਂ ਮਰਦੀ। ਆਤਮਾ ਇਹ ਨਾਲੇਜ਼ ਗ੍ਰਹਿਣ ਕਰਦੀ ਹੈ।

ਬਾਪ ਸਮਝਾਉਂਦੇ ਹਨ ਮੈਂ ਪਰਮਪਿਤਾ ਪਰਮਾਤਮਾ ਨਿਰਲੇਪ ਹਾਂ ਮਤਲਬ ਦੁੱਖ - ਸੁਖ ਦਾ ਮਤਲਬ ਕੜ੍ਹਵੀ - ਮਿੱਠੀ ਚੀਜ਼ ਦਾ ਮੈਨੂੰ ਕੋਈ ਅਸਰ ਨਹੀਂ ਹੁੰਦਾ ਹੈ। ਮੈਂ ਇਹਨਾਂ - ਲੇਪ ਛੇਪ ਤੋਂ ਨਿਰਲੇਪ ਹਾਂ। ਗਿਆਨ ਦਾ ਸਾਗਰ ਹਾਂ। ਮਨੁੱਖ ਫਿਰ ਕਹਿੰਦੇ ਹਨ ਕਿ ਆਤਮਾ ਨਿਰਲੇਪ ਹੈ ਕਿਉਂਕਿ ਆਤਮਾ ਸੋ ਪਰਮਾਤਮਾ ਇੱਕ ਹੈ। ਇੱਕ ਨੇ ਕਿਹਾ - ਬਸ, ਉਸਦੇ ਪਿੱਛੇ ਫਾਲੋ ਕਰਦੇ ਰਹਿੰਦੇ। ਬਾਪ ਕਹਿੰਦੇ ਹਨ ਮੈਂ ਨਿਰਲੇਪ ਹਾਂ। ਮੈਨੂੰ ਕੋਈ ਖੱਟਾ ਖਾਰਾ ਨਹੀਂ ਲੱਗਦਾ। ਇਹ ਇਹਨਾਂ ਦੀ ਆਤਮਾ ਕਹਿੰਦੀ ਹੈ - ਫਲਾਣੀ ਚੀਜ਼ ਖੱਟੀ ਹੈ। ਮੇਰੇ ਵਿੱਚ ਸਾਰੀ ਸ੍ਰਿਸਟੀ ਦਾ ਗਿਆਨ ਹੈ ਜੋ ਆਤਮਾ ਨੂੰ ਪੜ੍ਹਾਉਂਦਾ ਹਾਂ। ਤੁਸੀਂ ਹਰ ਇੱਕ ਨੂੰ ਸਮਝਣਾ ਹੈ - ਅਸੀਂ ਆਤਮਾ ਪਰਮਪਿਤਾ ਪਰਮਾਤਮਾ ਦਵਾਰਾ ਸੁਣ ਰਹੇ ਹਾਂ। ਇੱਥੇ ਤਾਂ ਬਰੋਬਰ ਭਗਵਾਨੁਵਾਚ ਹੈ। ਨਿਸ਼ਚੇ ਕਰਨਾ ਚਾਹੀਦਾ ਹੈ - ਗੋਡ ਕ੍ਰੀਏਟਰ ਇਜ਼ ਵਨ।

ਪਹਿਲੇ - ਪਹਿਲੇ ਮੁੱਖ ਗੱਲ ਹੈ ਭਾਰਤ ਦੀ। ਭਾਰਤ ਨੂੰ ਅਵਿਨਾਸ਼ੀ ਖੰਡ ਕਿਹਾ ਜਾਂਦਾ ਹੈ। ਇਹ ਭਾਰਤ ਹੈ ਬਰ੍ਥ ਪਲੇਸ ਪਤਿਤ -ਪਾਵਨ ਬਾਪ ਦਾ। ਇਹ ਬਹੁਤ ਉੱਚ ਖੰਡ ਹੈ। ਇੱਥੇ ਲਕਸ਼ਮੀ -ਨਾਰਾਇਣ ਦੀ ਰਾਜਧਾਨੀ ਹੋਵੇਗੀ। ਇਹ ਤੁਸੀਂ ਜਾਣਦੇ ਹੋ ਕਿ ਬਾਪ ਫਿਰ ਤੋਂ ਦੇਵੀ - ਦੇਵਤਾ ਧਰਮ ਦੀ ਸੈਪਲਿੰਗ ਲਗਾ ਰਹੇ ਹਨ। ਜੋ ਇਸ ਧਰਮ ਦੇ ਹੋਣਗੇ ਉਹ ਆਕੇ ਵਰਸਾ ਲੈਣਗੇ, ਇਸਨੂੰ ਸੈਪਲਿੰਗ ਕਿਹਾ ਜਾਂਦਾ ਹੈ। ਬਾਬਾ ਨੇ ਸਮਝਾਇਆ ਹੈ - ਦੇਹੀ - ਅਭਿਮਾਨੀ ਬਣਨਾ ਹੈ। ਬਾਬਾ ਸਾਨੂੰ ਪੜ੍ਹਾ ਰਹੇ ਹਨ। ਅਸੀਂ ਇਹਨਾਂ ਕੰਨਾਂ ਦਵਾਰਾ ਸੁਣਦੇ ਹਾਂ, ਪੜ੍ਹਦੇ ਹਾਂ, ਪੜ੍ਹਾਉਂਦੇ ਹਾਂ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਚਿੱਤਰ ਨੂੰ ਭੁੱਲ ਵਚਿਤਰ ਬਣ ਵਚਿੱਤਰ ਬਾਪ ਨੂੰ ਯਾਦ ਕਰਨਾ ਹੈ। ਦੇਹ ਸਹਿਤ ਦੇਹ ਦੇ ਸਭ ਧਰਮਾਂ ਨੂੰ ਬੁੱਧੀ ਨਾਲ ਭੁਲਣਾ ਹੈ, ਦੇਹੀ- ਅਭਿਮਾਨੀ ਹੋ ਰਹਿਣ ਦਾ ਅਭਿਆਸ ਕਰਨਾ ਹੈ।

**2.** ਦੇਵੀ - ਦੇਵਤਾ ਧਰਮ ਦਾ ਸੈਪਲਿੰਗ ਲਗ ਰਿਹਾ ਹੈ, ਇਸਲਈ ਪਾਵਨ ਜਰੂਰ ਬਣਨਾ ਹੈ। ਦੈਵੀਗੁਣ ਧਾਰਨ ਕਰਨੇ ਹਨ।

ਵਰਦਾਨ:- ਅਲੌਕਿਕ ਜੀਵਨ ਦੀ ਸਮ੍ਰਿਤੀ ਦਵਾਰਾ ਵ੍ਰਿਤੀ, ਸਮ੍ਰਿਤੀ ਅਤੇ ਦ੍ਰਿਸ਼ਟੀ ਦਾ ਪਰਿਵਰਤਨ ਕਰਨ ਵਾਲੇ ਮਰਜੀਵਾ ਭਵ
ਬ੍ਰਾਹਮਣ ਜੀਵਨ ਨੂੰ ਅਲੌਕਿਕ ਜੀਵਨ ਕਹਿੰਦੇ ਹਨ, ਅਲੌਕਿਕ ਦਾ ਅਰਥ ਹੈ ਇਸ ਲੋਕ ਜਿਹੇ ਨਹੀਂ। ਦ੍ਰਿਸ਼ਟੀ, ਸਮ੍ਰਿਤੀ ਅਤੇ ਵ੍ਰਿਤੀ ਸਭ ਵਿੱਚ ਪਰਿਵਰਤਨ ਹੋ। ਸਦਾ ਆਤਮਾ ਭਰਾ - ਭਰਾ ਨੂੰ ਵ੍ਰਿਤੀ ਅਤੇ ਭਰਾ - ਭੈਣ ਦੀ ਵ੍ਰਿਤੀ ਰਹੇ। ਅਸੀਂ ਸਭ ਆਪਸ ਵਿੱਚ ਇੱਕ ਪਰਿਵਾਰ ਦੇ ਹਾਂ - ਇਹ ਵ੍ਰਿਤੀ ਰਹੇ ਅਤੇ ਦ੍ਰਿਸ਼ਟੀ ਨਾਲ਼ ਵੀ ਆਤਮਾ ਨੂੰ ਦੇਖੋ, ਸ਼ਰੀਰ ਨੂੰ ਨਹੀਂ - ਤਾਂ ਕਹਾਂਗੇ - ਮਰਜੀਵਾ। ਅਜਿਹੀ ਸ੍ਰੇਸ਼ਠ ਜੀਵਨ ਮਿਲ ਗਈ ਤਾਂ ਪੁਰਾਣੀ ਜੀਵਨ ਯਾਦ ਆ ਨਹੀਂ ਸਕਦੀ।

ਸਲੋਗਨ:- ਸਦਾ ਸੁੱਧ ਫੀਲਿੰਗ ਵਿੱਚ ਰਹੋ ਤਾਂ ਅਸ਼ੁੱਧ ਫੀਲਿੰਗ ਦਾ ਫਲੂ ਪਾਸ ਵੀ ਨਹੀਂ ਆ ਸਕਦਾ।

******